# ਇਸ ਕਿਤਾਬਚੇ ਬਾਰੇ



ਇਹ ਕਿਤਾਬਚਾ ਐਨ.ਐਚ.ਐਸ. ਚੇਸ਼ਾਇਰ ਅਤੇ ਮਰਜ਼ੀਸਾਈਡ ਤੋਂ ਹੈ।

ਅਸੀਂ ਲਿਵਰਪੂਲ ਵਿੱਚ ਲੋਕਾਂ ਲਈ ਸਿਹਤ ਸੰਭਾਲ ਦੀ ਯੋਜਨਾ ਬਣਾਉਣ ਦੇ ਇੰਚਾਰਜ ਹਾਂ।




ਅਸੀਂ ਲਿਵਰਪੂਲ ਵਿੱਚ ਔਰਤਾਂ ਦੀਆਂ ਹਸਪਤਾਲ ਸੇਵਾਵਾਂ ਨੂੰ ਬਿਹਤਰ ਬਣਾਉਣਾ ਚਾਹੁੰਦੇ ਹਾਂ।

ਇਸ ਵਿੱਚ ਸ਼ਾਮਲ ਹਨ:



- **ਗਾਇਨੋਕੋਲੋਜੀ ਸੇਵਾਵਾਂ -** ਇਹ ਔਰਤਾਂ ਦੇ ਸਰੀਰ ਦੇ ਅੰਗਾਂ ਲਈ ਸਿਹਤ ਸੰਭਾਲ ਹੈ। ਇਸ ਵਿੱਚ ਇੱਕ ਔਰਤ ਦੀ ਯੋਨੀ ਅਤੇ ਗਰਭ ਦੀ ਦੇਖਭਾਲ ਸ਼ਾਮਲ ਹੈ।



- **ਜਣੇਪਾ ਸੇਵਾਵਾਂ -** ਇਹ ਗਰਭਵਤੀ ਔਰਤਾਂ ਅਤੇ ਉਨ੍ਹਾਂ ਔਰਤਾਂ ਲਈ ਸਿਹਤ ਸੰਭਾਲ ਹੈ ਜਿਨ੍ਹਾਂ ਨੇ ਹੁਣੇ-ਹੁਣੇ ਜਨਮ ਦਿੱਤਾ ਹੈ।



ਅਸੀਂ ਚਾਹੁੰਦੇ ਹਾਂ ਕਿ ਸਾਡੇ ਸਾਰੇ ਮਰੀਜ਼ ਉਨ੍ਹਾਂ ਨੂੰ ਲੋੜੀਂਦੀ ਸਿਹਤ ਸੰਭਾਲ ਪ੍ਰਾਪਤ ਕਰਨ, ਜਿੱਥੇ ਵੀ ਉਹ ਆਪਣੀ ਦੇਖਭਾਲ ਪ੍ਰਾਪਤ ਕਰਦੇ ਹਨ।

ਇਹ ਪੁਸਤਿਕਾ ਵਿਆਖਿਆ ਕਰੇਗੀ:




- ਸਾਨੂੰ ਇਹਨਾਂ ਹਸਪਤਾਲ ਸੇਵਾਵਾਂ ਵਿੱਚ ਤਬਦੀਲੀਆਂ ਕਰਨ ਦੀ ਲੋੜ ਕਿਉਂ ਹੈ।




- ਇਹਨਾਂ ਸੇਵਾਵਾਂ ਨੂੰ ਸੁਰੱਖਿਅਤ ਬਣਾਉਣ ਲਈ ਅਸੀਂ ਹੁਣ ਕੀ ਕਰ ਰਹੇ ਹਾਂ।




ਪੁਸਤਿਕਾ ਦੇ ਅੰਤ ਵਿੱਚ, ਅਸੀਂ ਤੁਹਾਨੂੰ ਇੱਕ ਸਰਵੇਖਣ ਭਰਨ ਲਈ ਕਹਾਂਗੇ ਤਾਂ ਜੋ ਸਾਨੂੰ ਦੱਸੋ ਕਿ ਤੁਸੀਂ ਇਸ ਯੋਜਨਾ ਬਾਰੇ ਕੀ ਸੋਚਦੇ ਹੋ।

ਇਸ ਕਿਤਾਬਚੇ ਨੂੰ ਬਣਾਉਣ ਵਿੱਚ ਸਾਡੀ ਮਦਦ ਕਰਨ ਵਾਲੀਆਂ ਹੋਰ ਐਨ.ਐਚ.ਐਸ. ਟੀਮਾਂ ਵਿੱਚ ਸ਼ਾਮਲ ਹਨ:

NHS
Liverpool Women's
NHS Foundation Trust

NHS
Liverpool University Hospitals
NHS Foundation Trust

NHS
The Clatterbridge Cancer Centre
NHS Foundation Trust

NHS
Alder Hey Children's
NHS Foundation Trust

- ਲਿਵਰਪੂਲ ਵੂਮੈਨਜ਼ ਐਨ.ਐਚ.ਐਸ. ਫਾਊਂਡੇਸ਼ਨ ਟਰੱਸਟ
- ਲਿਵਰਪੂਲ ਯੂਨੀਵਰਸਿਟੀ ਹਸਪਤਾਲ ਐਨ.ਐਚ.ਐਸ. ਫਾਊਂਡੇਸ਼ਨ ਟਰੱਸਟ
- ਕਲੈਟਰਬ੍ਰਿਜ ਕੈਂਸਰ ਸੈਂਟਰ ਐਨ.ਐਚ.ਐਸ. ਫਾਊਂਡੇਸ਼ਨ ਟਰੱਸਟ
- ਐਲਡਰ ਹੇ ਚਿਲਡਰਨਜ਼ ਐਨ.ਐਚ.ਐਸ. ਫਾਊਂਡੇਸ਼ਨ ਟਰੱਸਟ

healthwatch

ਅਸੀਂ ਨੋਜ਼ਲੀ, ਲਿਵਰਪੂਲ ਅਤੇ ਸੇਫਟਨ ਵਿੱਚ ਸਥਾਨਕ ਹੈਲਥਵਾਚ ਨਾਲ ਵੀ ਕੰਮ ਕੀਤਾ।

# ਇਹਨਾਂ ਸੇਵਾਵਾਂ ਦੀ ਵਰਤੋਂ ਕੌਣ ਕਰਦਾ ਹੈ?




ਇਸ ਕਿਤਾਬਚੇ ਵਿੱਚ, ਅਸੀਂ ਕਦੀ-ਕਦੀ ਗਾਇਨੋਕੋਲੋਜੀ ਅਤੇ ਮੈਟਰਨਟੀ ਸੇਵਾਵਾਂ ਨੂੰ **ਮਹਿਲਾ ਹਸਪਤਾਲ ਸੇਵਾਵਾਂ** ਕਹਾਂਗੇ।



ਪਰ ਇਹ ਸਿਰਫ਼ ਔਰਤਾਂ ਹੀ ਨਹੀਂ ਹਨ ਜੋ ਇਨ੍ਹਾਂ ਸੇਵਾਵਾਂ ਦੀ ਵਰਤੋਂ ਕਰਦੀਆਂ ਹਨ।



**ਟਰਾਂਸਜੈਂਡਰ ਪੁਰਸ਼** ਅਤੇ **ਗੈਰ-ਬਾਈਨਰੀ ਲੋਕ** ਜੋ ਮਾਦਾ ਸਰੀਰ ਦੇ ਅੰਗਾਂ ਨਾਲ ਪੈਦਾ ਹੋਏ ਸਨ, ਵੀ ਇਹਨਾਂ ਸੇਵਾਵਾਂ ਦੀ ਵਰਤੋਂ ਕਰ ਸਕਦੇ ਹਨ।



**ਟ੍ਰਾਂਸਜੈਂਡਰ** ਦਾ ਮਤਲਬ ਹੈ ਉਹ ਲੋਕ ਜੋ ਜਿਸ ਲਿੰਗ ਨਾਲ ਪੈਦਾ ਹੋਏ ਸੀ ਉਸਨੂੰ ਬਦਲਦੇ ਹਨ।



**ਗੈਰ-ਬਾਈਨਰੀ** ਉਹ ਹੁੰਦਾ ਹੈ ਜਦੋਂ ਕੋਈ ਇਹ ਮਹਿਸੂਸ ਨਹੀਂ ਕਰਦਾ ਕਿ ਉਹ ਜਾਂ ਤਾਂ ਮਰਦ ਜਾਂ ਔਰਤ ਹੈ।

# ਸੇਵਾਵਾਂ ਹੁਣ ਕਿਹੋ ਜਿਹੀਆਂ ਦਿਖਾਈ ਦਿੰਦੀਆਂ ਹਨ




ਇਸ ਸਮੇਂ, ਲਿਵਰਪੂਲ ਵਿੱਚ ਸਾਰੀਆਂ ਜਣੇਪਾ ਸੇਵਾਵਾਂ ਅਤੇ ਜ਼ਿਆਦਾਤਰ ਗਾਇਨੋਕੋਲੋਜੀ ਸੇਵਾਵਾਂ ਲਿਵਰਪੂਲ ਵੂਮੈਨਸ ਹਸਪਤਾਲ ਵਿੱਚ ਹੁੰਦੀਆਂ ਹਨ।



ਲਿਵਰਪੂਲ ਵੂਮੈਨਸ ਹਸਪਤਾਲ ਨਵਜੰਮੇ ਬੱਚਿਆਂ ਲਈ ਵੀ ਦੇਖਭਾਲ ਵੀ ਕਰਦਾ ਹੈ ਜੋ ਬਿਮਾਰ ਹਨ ਜਾਂ ਜਿਨ੍ਹਾਂ ਨੇ ਸਮੇਂ ਤੋਂ ਬਹੁਤ ਜਲਦੀ ਜਨਮ ਲਿੱਤਾ ਹੈ।



ਕੁਝ ਗਾਇਨੋਕੋਲੋਜੀ ਸੇਵਾਵਾਂ ਲਿਵਰਪੂਲ ਦੇ ਦੂਜੇ ਹਸਪਤਾਲਾਂ ਵਿੱਚ ਹੁੰਦੀਆਂ ਹਨ।



ਇਸਦਾ ਮਤਲਬ ਹੈ ਕਿ ਕੁਝ ਮਰੀਜ਼ਾਂ ਨੂੰ ਸਹੀ ਇਲਾਜ ਕਰਵਾਉਣ ਲਈ ਵੱਖ-ਵੱਖ ਹਸਪਤਾਲਾਂ ਵਿਚਕਾਰ ਸਫ਼ਰ ਕਰਨ ਦੀ ਲੋੜ ਹੋ ਸਕਦੀ ਹੈ।




ਲਿਵਰਪੂਲ ਹਸਪਤਾਲ **ਗਾਇਨੋਕੋਲੋਜੀਕਲ ਕੈਂਸਰ** ਸੇਵਾਵਾਂ ਵੀ ਪ੍ਰਦਾਨ ਕਰਦੇ ਹਨ।

**ਗਾਇਨੋਕੋਲੋਜੀਕਲ ਕੈਂਸਰ** ਇੱਕ ਅਜਿਹਾ ਕੈਂਸਰ ਹੈ ਜੋ ਕਿਸੇ ਔਰਤ ਸਰੀਰਕ ਅੰਗ ਵਿੱਚ ਵਧਦਾ ਹੈ, ਜਿਵੇਂ ਕਿ ਤੁਹਾਡੀ ਬੱਚੇਦਾਨੀ ਦਾ ਮੂੰਹ।




ਬਾਲਗਾਂ ਲਈ ਜ਼ਿਆਦਾਤਰ ਹੋਰ ਹਸਪਤਾਲ ਸੇਵਾਵਾਂ ਰਾਇਲ ਲਿਵਰਪੂਲ ਹਸਪਤਾਲ ਜਾਂ ਐਂਟਰੀ ਹਸਪਤਾਲ ਵਿੱਚ ਹੁੰਦੀਆਂ ਹਨ।

ਅਸੀਂ ਇਸ ਨੂੰ ਦੇਖ ਰਹੇ ਹਾਂ:




- ਸਾਰੀਆਂ ਗਾਇਨੋਕੋਲੋਜੀ ਅਤੇ ਜਣੇਪਾ ਸੇਵਾਵਾਂ ਲਿਵਰਪੂਲ ਵੂਮੈਨਸ ਹਸਪਤਾਲ ਵਿਖੇ ਪ੍ਰਦਾਨ ਕੀਤੀਆਂ ਜਾਂਦੀਆਂ ਹਨ।



- ਗਰਭਵਤੀ ਲੋਕਾਂ ਜਾਂ ਗਾਇਨੋਕੋਲੋਜੀਕਲ ਸਿਹਤ ਸਮੱਸਿਆਵਾਂ ਵਾਲੇ ਲੋਕਾਂ ਲਈ ਲਿਵਰਪੂਲ ਦੇ ਦੂਜੇ ਹਸਪਤਾਲਾਂ ਵਿੱਚ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

ਅਸੀਂ ਇਹ ਨਹੀਂ ਦੇਖ ਰਹੇ ਹਾਂ:




- ਔਰਤਾਂ ਦੀ ਸਿਹਤ ਸੰਭਾਲ ਜੋ ਹਸਪਤਾਲਾਂ ਤੋਂ ਬਾਹਰ ਪ੍ਰਦਾਨ ਕੀਤੀ ਜਾਂਦੀ ਹੈ, ਜਿਵੇਂ ਕਿ ਜੀਪੀ ਸਰਜਰੀਆਂ ਜਾਂ ਸਿਹਤ ਕੇਂਦਰਾਂ ਵਿੱਚ।




- ਹਿਓਇਟ ਫਰਟੀਲਿਟੀ ਸੈਂਟਰ ਵਿਖੇ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ।



- **ਕਲੀਨਿਕਲ ਜੈਨੇਟਿਕਸ ਸੇਵਾਵਾਂ -** ਇਹ ਉਹਨਾਂ ਲੋਕਾਂ ਲਈ ਸਿਹਤ ਸੰਭਾਲ ਹੈ ਜਿਨ੍ਹਾਂ ਨੂੰ ਕੋਈ ਅਜਿਹੀ ਬਿਮਾਰੀ ਹੈ ਜੋ ਉਹਨਾਂ ਦੇ ਪਰਿਵਾਰ ਵਿੱਚ ਚਲਦੀ ਹੈ।



- ਚੇਸ਼ਾਇਰ ਅਤੇ ਮਰਸੀਸਾਈਡ ਦੇ ਹੋਰ ਹਿੱਸਿਆਂ ਵਿੱਚ ਔਰਤਾਂ ਦੇ ਹਸਪਤਾਲ ਦੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।



ਪਰ ਅਸੀਂ ਇਸ ਬਾਰੇ ਸੋਚਾਂਗੇ ਕਿ ਭਵਿੱਖ ਵਿੱਚ ਯੋਜਨਾਵਾਂ ਇਹਨਾਂ ਸੇਵਾਵਾਂ ਨੂੰ ਕਿਵੇਂ ਪ੍ਰਭਾਵਿਤ ਕਰਨਗੀਆਂ।

# ਇਹਨਾਂ ਸੇਵਾਵਾਂ ਨੂੰ ਬਦਲਣ ਦੀ ਲੋੜ ਕਿਉਂ ਹੈ?




ਯੂਕੇ ਦੇ ਹੋਰ ਹਿੱਸਿਆਂ ਵਿੱਚ, ਵਿਸ਼ੇਸ਼ ਮਹਿਲਾ ਹਸਪਤਾਲ ਸੇਵਾਵਾਂ ਉਸੇ ਇਮਾਰਤ ਵਿੱਚ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਜਿੱਥੇ ਦੂਜੀਆਂ ਹਸਪਤਾਲ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ, ਜਿਵੇਂ ਕਿ ਐਮਰਜੈਂਸੀ ਦੇਖਭਾਲ।



ਪਰ ਲਿਵਰਪੂਲ ਵਿੱਚ ਵੂਮੇਨਸ ਹਸਪਤਾਲ ਸੇਵਾਵਾਂ ਹੋਰ ਸੇਵਾਵਾਂ ਨਾਲੋਂ ਵੱਖਰੀਆਂ ਹਨ।




ਇਹ ਉਹਨਾਂ ਲੋਕਾਂ ਨੂੰ ਸਹੀ ਦੇਖਭਾਲ ਦੇਣਾ ਮੁਸ਼ਕਲ ਬਣਾ ਸਕਦਾ ਹੈ ਜਿਨ੍ਹਾਂ ਨੂੰ ਵੱਖ-ਵੱਖ ਕਿਸਮਾਂ ਦੀ ਦੇਖਭਾਲ ਦੀ ਲੋੜ ਹੁੰਦੀ ਹੈ।



ਕਦੀ-ਕਦੀ ਮਰੀਜ਼ਾਂ ਨੂੰ ਇਹ ਯਕੀਨੀ ਬਣਾਉਣ ਲਈ ਕਿਸੇ ਹੋਰ ਹਸਪਤਾਲ ਵਿੱਚ ਲਿਜਾਣ ਦੀ ਲੋੜ ਹੁੰਦੀ ਹੈ ਕਿ ਉਹਨਾਂ ਨੂੰ ਲੋੜੀਂਦੀ ਦੇਖਭਾਲ ਮਿਲੇ।

# ਯਾਤਰਾ ਕਰਨ ਦੇ ਸਮੇਂ

ਜੇਕਰ ਤੁਸੀਂ ਲਿਵਰਪੂਲ ਵੂਮੇਨਸ ਹਸਪਤਾਲ ਤੋਂ ਯਾਤਰਾ ਕਰਦੇ ਹੋ, ਤਾਂ ਇਸ ਵਿੱਚ ਆਮ ਤੌਰ 'ਤੇ ਇੰਨਾ ਸਮਾਂ ਲੱਗੇਗਾ:



- ਐਨਟਰੀ ਹਸਪਤਾਲ ਜਾਣ ਲਈ ਲਗਭਗ 30 ਮਿੰਟ
  ।



- ਆਲਡਰ ਹੇਅ ਚਿਲਡਰਨਸ ਹਸਪਤਾਲ ਜਾਂ ਬ੍ਰੌਡਗ੍ਰੀਨ ਹਸਪਤਾਲ ਦੀ ਯਾਤਰਾ ਕਰਨ ਲਈ ਲਗਭਗ 20 ਮਿੰਟ।



- ਕਲੈਟਰਬ੍ਰਿਜ ਕੈਂਸਰ ਸੈਂਟਰ ਜਾਂ ਰਾਇਲ ਲਿਵਰਪੂਲ ਹਸਪਤਾਲ ਦੀ ਯਾਤਰਾ ਕਰਨ ਲਈ ਲਗਭਗ 10 ਮਿੰਟ।




ਦਿਨ ਦੇ ਸਮੇਂ ਵਰਗੀਆਂ ਚੀਜ਼ਾਂ ਦੇ ਆਧਾਰ 'ਤੇ ਇਹ ਯਾਤਰਾਵਾਂ ਤੇਜ਼ ਜਾਂ ਹੌਲੀ ਹੋ ਸਕਦੀਆਂ ਹਨ।

# ਖਤਰੇ ਕੀ ਹਨ?




ਇੱਕ **ਜੋਖਮ** ਇੱਕ ਅਜਿਹੀ ਚੀਜ਼ ਹੈ ਜੋ ਖਤਰਨਾਕ ਹੋ ਸਕਦੀ ਹੈ ਜਾਂ ਲੋਕਾਂ ਨੂੰ ਨੁਕਸਾਨ ਪਹੁੰਚਾ ਸਕਦੀ ਹੈ।

ਲਿਵਰਪੂਲ ਵਿੱਚ ਔਰਤਾਂ ਦੀਆਂ ਹਸਪਤਾਲ ਸੇਵਾਵਾਂ ਨੂੰ ਪ੍ਰਭਾਵਿਤ ਕਰਨ ਵਾਲੇ 5 ਮੁੱਖ ਜੋਖਮ ਹਨ।

## ਜੋਖਮ 1



ਜੇਕਰ ਲਿਵਰਪੂਲ ਵੂਮੈਨਸ ਹਸਪਤਾਲ ਵਿੱਚ ਕੋਈ ਮਰੀਜ਼ ਅਚਾਨਕ ਬਹੁਤ ਬਿਮਾਰ ਹੋ ਜਾਂਦਾ ਹੈ, ਤਾਂ ਹੋ ਸਕਦਾ ਹੈ ਕਿ ਹਸਪਤਾਲ ਉਸ ਦੇ ਬਿਹਤਰ ਹੋਣ ਲਈ ਲੋੜੀਂਦੀ ਦੇਖਭਾਲ ਪ੍ਰਦਾਨ ਕਰਨ ਦੇ ਯੋਗ ਨਾ ਹੋਵੇ।




ਇਹ ਇਸ ਲਈ ਹੈ ਕਿਉਂਕਿ ਹਸਪਤਾਲ ਵਿੱਚ ਹੋਰ ਸਿਹਤ ਸੇਵਾਵਾਂ ਅਤੇ ਸਟਾਫ਼ ਨਹੀਂ ਹਨ, ਜਿਵੇਂ ਐਮਰਜੈਂਸੀ ਦੇਖਭਾਲ ਟੀਮਾਂ।



ਮਤਲਬ ਕਿ ਕਦੀ-ਕਦੀ ਮਰੀਜ਼ਾਂ ਨੂੰ ਐਂਬੂਲੈਂਸ ਰਾਹੀਂ ਦੂਜੇ ਹਸਪਤਾਲਾਂ ਵਿੱਚ ਜਾਣਾ ਪੈਂਦਾ ਹੈ।

ਇਸ ਨੂੰ **ਐਂਬੂਲੈਂਸ ਟ੍ਰਾਂਸਫਰ** ਕਿਹਾ ਜਾਂਦਾ ਹੈ।



ਮਰੀਜ਼ਾਂ ਨੂੰ ਸੁਰੱਖਿਅਤ ਤਰੀਕੇ ਨਾਲ ਲਿਜਾਣ ਵਿੱਚ ਲੰਬਾ ਸਮਾਂ ਲੱਗ ਸਕਦਾ ਹੈ, ਜਿਸ ਨਾਲ ਮਰੀਜ਼ਾਂ ਨੂੰ ਸਮੇਂ ਸਿਰ ਲੋੜੀਂਦੀ ਦੇਖਭਾਲ ਦੇਣਾ ਔਖਾ ਹੋ ਸਕਦਾ ਹੈ।

## ਜੋਖਮ 2



ਗਾਇਨੋਕੋਲੋਜੀ ਅਤੇ ਜਣੇਪਾ ਸੇਵਾਵਾਂ ਵਿੱਚ ਸਾਰੇ ਮਾਹਰ ਲਿਵਰਪੂਲ ਵੂਮੈਨਸ ਹਸਪਤਾਲ ਵਿਖੇ ਕੰਮ ਕਰਦੇ ਹਨ।




ਇਸਦਾ ਮਤਲਬ ਹੈ ਕਿ ਹੋ ਸਕਦਾ ਹੈ ਕਿ ਵੱਖ-ਵੱਖ ਹਸਪਤਾਲਾਂ ਵਿਚ ਜਾਣ ਵਾਲੇ ਮਰੀਜ਼ਾਂ ਨੂੰ ਇਹ ਸੇਵਾਵਾਂ ਸਮੇਂ ਸਿਰ ਨਾ ਮਿਲਣ, ਜੋ ਉਨ੍ਹਾਂ ਦੀ ਸਿਹਤ ਦੀ ਸਮੱਸਿਆ ਹੋਰ ਵਿਗੜ ਸਕਦਾ ਹੈ।



ਕਦੀ-ਕਦਾਈਂ ਗਾਇਨੋਕੋਲੋਜੀ ਅਤੇ ਮੈਟਰਨਟੀ ਸਟਾਫ ਐਮਰਜੈਂਸੀ ਦੇਖਭਾਲ ਪ੍ਰਦਾਨ ਕਰਨ ਲਈ ਦੂਜੇ ਹਸਪਤਾਲਾਂ ਦੀ ਯਾਤਰਾ ਕਰੇਗਾ।



ਪਰ ਉਹ ਹਰ ਸਮੇਂ ਅਜਿਹਾ ਨਹੀਂ ਕਰ ਸਕਦੇ।

# ਜੋਖਮ 3




**ਨੈਸ਼ਨਲ ਕੇਅਰ ਸਟੈਂਡਰਡ** ਕਹੇ ਜਾਣ ਵਾਲੇ ਕੁਝ ਨਿਯਮ ਕਹਿੰਦੇ ਹਨ ਕਿ ਸਾਨੂੰ ਵਿਸ਼ੇਸ਼ ਸਿਹਤ ਸੇਵਾਵਾਂ ਇੱਕੋ ਥਾਂ 'ਤੇ ਪ੍ਰਦਾਨ ਕਰਨੀਆਂ ਚਾਹੀਦੀਆਂ ਹਨ।




ਪਰ ਅਸੀਂ ਲਿਵਰਪੂਲ ਵਿੱਚ ਇਹਨਾਂ ਸਾਰੇ ਨਿਯਮਾਂ ਦੀ ਪਾਲਣਾ ਨਹੀਂ ਕਰ ਸਕਦੇ ਕਿਉਂਕਿ ਔਰਤਾਂ ਦੀਆਂ ਹਸਪਤਾਲ ਸੇਵਾਵਾਂ ਇੱਕ ਵੱਖਰੇ ਹਸਪਤਾਲ ਵਿੱਚ ਪ੍ਰਦਾਨ ਕੀਤੀਆਂ ਜਾਂਦੀਆਂ ਹਨ।




ਜੇਕਰ ਅਸੀਂ ਇਸ ਸਮੱਸਿਆ ਨੂੰ ਠੀਕ ਨਹੀਂ ਕਰਦੇ, ਤਾਂ ਲਿਵਰਪੂਲ ਵਿੱਚ ਕੁਝ ਸੇਵਾਵਾਂ ਪ੍ਰਦਾਨ ਕੀਤੀਆਂ ਜਾਣੀਆਂ ਬੰਦ ਹੋ ਸਕਦੀਆਂ ਹਨ।




ਇਸਦਾ ਮਤਲਬ ਇਹ ਹੋ ਸਕਦਾ ਹੈ ਕਿ ਕੁਝ ਲੋਕਾਂ ਨੂੰ ਸਹੀ ਦੇਖਭਾਲ ਪ੍ਰਾਪਤ ਕਰਨ ਲਈ ਲਿਵਰਪੂਲ ਤੋਂ ਬਾਹਰ ਦੇ ਹਸਪਤਾਲਾਂ ਵਿੱਚ ਜਾਣ ਦੀ ਲੋੜ ਹੋ ਸਕਦੀ ਹੈ।

# ਜੋਖਮ 4




ਲਿਵਰਪੂਲ ਵਿੱਚ ਗਾਇਨੋਕੋਲੋਜੀ ਅਤੇ ਮੈਟਰਨਟੀ ਸਟਾਫ ਕੋਲ ਵੱਖ-ਵੱਖ ਹੈਲਥਕੇਅਰ ਟੀਮਾਂ ਅਤੇ ਮਾਹਰਾਂ ਤੋਂ ਸਿੱਖਣ ਅਤੇ ਕੰਮ ਕਰਨ ਦਾ ਘੱਟ ਮੌਕਾ ਹੈ।




ਇਸਦਾ ਮਤਲਬ ਇਹ ਹੈ ਕਿ ਹੋ ਸਕਦਾ ਹੈ ਕਿ ਇਸ ਸ਼ਹਿਰ ਵਿੱਚ ਗਾਇਨੋਕੋਲੋਜੀ ਅਤੇ ਮੈਟਰਨਟੀ ਨੌਕਰੀਆਂ ਦੀ ਇੱਛਾ ਰੱਖਣ ਵਾਲੇ ਲੋਕ ਹੋਰ ਘੱਟ ਹੋਣ।




ਇਹ ਸਮੱਸਿਆ ਸਟਾਫ ਨੂੰ ਨਿਯੁਕਤ ਕਰਨਾ ਅਤੇ ਕਾਇਮ ਰੱਖਣਾ ਔਖਾ ਬਣਾਉਂਦੀ ਹੈ, ਜਿਸ ਨਾਲ ਹੋ ਸਕਦਾ ਹੈ ਭਵਿੱਖ ਵਿੱਚ ਕੁਝ ਸੇਵਾਵਾਂ ਪ੍ਰਦਾਨ ਕਰਨਾ ਔਖਾ ਹੋਵੇ।

# ਜੋਖਮ 5




ਜਿਸ ਤਰੀਕੇ ਨਾਲ ਲਿਵਰਪੂਲ ਵਿੱਚ ਹਸਪਤਾਲ ਸੇਵਾਵਾਂ ਕੰਮ ਕਰਦੀਆਂ ਹਨ, ਉਹ ਗਾਇਨੋਕੋਲੋਜੀ ਅਤੇ ਜਣੇਪੇ ਵਾਲੇ ਮਰੀਜ਼ਾਂ ਲਈ ਸਹੀ ਦੇਖਭਾਲ ਪ੍ਰਾਪਤ ਕਰਨਾ ਔਖਾ ਬਣਾ ਸਕਦੀਆਂ ਹਨ।



ਅਸੀਂ ਚਿੰਤਤ ਹਾਂ ਕਿ ਇਹ ਇਹਨਾਂ ਸੇਵਾਵਾਂ ਦੀ ਵਰਤੋਂ ਕਰਨ ਵਾਲੇ ਲੋਕਾਂ, ਉਹਨਾਂ ਦੇ ਪਰਿਵਾਰਾਂ, ਅਤੇ ਸੇਵਾਵਾਂ ਪ੍ਰਦਾਨ ਕਰਨ ਵਾਲੇ ਸਟਾਫ ਮੈਂਬਰਾਂ ਲਈ **ਸਦਮੇ** ਦਾ ਕਾਰਨ ਬਣ ਸਕਦਾ ਹੈ।

**ਸਦਮਾ** ਉਦੋਂ ਹੁੰਦਾ ਹੈ ਜਦੋਂ ਤੁਸੀਂ ਆਪਣੀ ਜ਼ਿੰਦਗੀ ਵਿੱਚ ਕਿਸੇ ਬਹੁਤ ਤਣਾਅਪੂਰਨ ਜਾਂ ਡਰਾਉਣੇ ਅਨੁਭਵ ਵਿੱਚੋਂ ਲੰਘਦੇ ਹੋ।

# ਇਹ ਮੁੱਦੇ ਦੇਖਭਾਲ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ?

## ਐਂਬੂਲੈਂਸ ਟ੍ਰਾਂਸਫਰ




ਲਿਵਰਪੂਲ ਵੂਮੇਨਸ ਹਸਪਤਾਲ ਅਤੇ ਹੋਰ ਹਸਪਤਾਲਾਂ ਵਿਚਕਾਰ ਹਰ ਸਾਲ ਲਗਭਗ 220 ਐਂਬੂਲੈਂਸ ਟ੍ਰਾਂਸਫਰ ਹੁੰਦੇ ਹਨ।



ਇਹਨਾਂ ਵਿੱਚੋਂ ਲਗਭਗ ਅੱਧੇ ਟ੍ਰਾਂਸਫਰ ਉਹਨਾਂ ਮਰੀਜ਼ਾਂ ਲਈ ਹੁੰਦੇ ਹਨ ਜੋ ਐਮਰਜੈਂਸ ਵਿੱਚ ਹੁੰਦੇ ਹਨ।

2018 ਅਤੇ 2022 ਦੇ ਵਿਚਕਾਰ:



- 69 ਬਹੁਤ ਬਿਮਾਰ ਮਰੀਜ਼ਾਂ ਨੂੰ ਲਿਵਰਪੂਲ ਵੂਮੇਨਸ ਹਸਪਤਾਲ ਤੋਂ ਦੂਜੇ ਹਸਪਤਾਲ ਵਿੱਚ ਲਿਜਾਇਆ ਗਿਆ।



- ਘੱਟੋ-ਘੱਟ 12 ਹੋਰ ਮਰੀਜ਼ਾਂ ਨੂੰ ਇੱਕ ਅਜਿਹੇ ਡਾਕਟਰ ਨਾਲ ਯਾਤਰਾ ਕਰਨੀ ਪਈ ਜੋ **ਐਨਸਥੈਟਿਕ** ਵਿੱਚ ਮਾਹਰ ਹੈ।

**ਐਨਸਥੈਟਿਕਸ** ਤੁਹਾਨੂੰ ਸੁਆਉਣ ਜਾਂ ਦਰਦ ਮਹਿਸੂਸ ਕਰਨ ਤੋਂ ਰੋਕਣ ਵਾਲੀ ਡਾਕਟਰੀ ਦੇਖਭਾਲ ਹੈ।

# ਮਾਵਾਂ ਦੀ ਮੌਤ




ਜਨਵਰੀ 2014 ਤੋਂ ਨਵੰਬਰ 2023 ਤੱਕ, 17 ਔਰਤਾਂ ਜਿਨ੍ਹਾਂ ਨੇ ਲਿਵਰਪੂਲ ਵੂਮੈਨਸ ਹਸਪਤਾਲ ਵਿੱਚ ਦੇਖਭਾਲ ਪ੍ਰਾਪਤ ਕੀਤੀ, ਉਨ੍ਹਾਂ ਦੀ ਆਪਣੀ ਗਰਭ ਅਵਸਥਾ, ਜਨਮ ਜਾਂ ਜਣੇਪਾ ਦੇਖਭਾਲ ਵਿੱਚ ਕਿਸੇ ਸਮੱਸਿਆ ਕਾਰਨ ਮੌਤ ਹੋ ਗਈ।



ਉਹਨਾਂ ਦੀ ਮੌਤ ਜਾਂ ਤਾਂ ਉਸ ਸਮੇਂ ਹੋਈ ਜਦੋਂ ਉਹ ਗਰਭਵਤੀ ਸਨ ਜਾਂ ਉਹਨਾਂ ਦੀ ਗਰਭ ਅਵਸਥਾ ਦੇ ਸਮਾਪਤ ਹੋਣ ਤੋਂ 6 ਹਫ਼ਤਿਆਂ ਤੋਂ ਘੱਟ ਸਮੇਂ ਬਾਅਦ।




ਸੀਨੀਅਰ ਡਾਕਟਰਾਂ ਨੇ ਇਹ ਪਤਾ ਲਗਾਉਣ ਲਈ ਇਹਨਾਂ ਬਾਰੇ ਜਾਂਚ ਕੀਤੀ ਕਿ ਇਹ ਮੌਤਾਂ ਕਿਉਂ ਹੋਈਆਂ।




ਉਹ ਸਹਿਮਤ ਹੋਏ ਕਿ ਇਹਨਾਂ ਵਿੱਚੋਂ 7 ਮੌਤਾਂ ਅੰਸ਼ਕ ਤੌਰ 'ਤੇ ਇਸ ਕਰਕੇ ਹੋਈਆਂ ਹਨ ਕਿਉਂਕਿ ਲਿਵਰਪੂਲ ਵਿੱਚ ਔਰਤਾਂ ਦੀਆਂ ਹਸਪਤਾਲ ਸੇਵਾਵਾਂ ਹੋਰ ਹਸਪਤਾਲ ਸੇਵਾਵਾਂ ਨਾਲੋਂ ਵੱਖਰੀਆਂ ਹਨ।

## ਗੰਭੀਰ ਡਾਕਟਰੀ ਘਟਨਾਵਾਂ



ਇੱਕ **ਗੰਭੀਰ ਡਾਕਟਰੀ ਘਟਨਾ** ਉਦੋਂ ਹੁੰਦੀ ਹੈ ਜਦੋਂ ਮਰੀਜ਼ ਦੀ ਦੇਖਭਾਲ ਵਿੱਚ ਕੁਝ ਗਲਤ ਹੋ ਜਾਂਦਾ ਹੈ ਅਤੇ ਉਹਨਾਂ ਨੂੰ ਬਹੁਤ ਬੁਰੀ ਤਰ੍ਹਾਂ ਨੁਕਸਾਨ ਪਹੁੰਚਦਾ ਹੈ।




ਜੁਲਾਈ 2022 ਅਤੇ ਮਾਰਚ 2024 ਦੇ ਵਿਚਕਾਰ, 148 ਗੰਭੀਰ ਡਾਕਟਰੀ ਘਟਨਾਵਾਂ ਅੰਸ਼ਕ ਤੌਰ 'ਤੇ ਵਾਪਰੀਆਂ ਕਿਉਂਕਿ ਲਿਵਰਪੂਲ ਵਿੱਚ ਔਰਤਾਂ ਦੀਆਂ ਹਸਪਤਾਲ ਸੇਵਾਵਾਂ ਹਸਪਤਾਲ ਦੀਆਂ ਹੋਰ ਸੇਵਾਵਾਂ ਨਾਲੋਂ ਵੱਖਰੀਆਂ ਹਨ।

## ਕੌਣ ਪ੍ਰਭਾਵਿਤ ਹੁੰਦਾ ਹੈ?



ਇਹ ਮੁੱਦੇ ਲੋਕਾਂ ਦੇ ਕੁਝ ਸਮੂਹਾਂ ਨੂੰ ਪ੍ਰਭਾਵਿਤ ਕਰਨ ਦੀ ਜ਼ਿਆਦਾ ਸੰਭਾਵਨਾ ਰੱਖਦੇ ਹਨ, ਜਿਵੇਂ ਕਿ:

- ਗਰੀਬ  ਆਂਢ-ਗੁਆਂਢ ਤੋਂ ਲੋਕ।



- **ਨਸਲੀ ਘੱਟ ਗਿਣਤੀ** ਸਮੂਹਾਂ ਦੇ ਲੋਕ।

  ਇੱਕ **ਨਸਲੀ ਘੱਟ-ਗਿਣਤੀ ਸਮੂਹ** ਇੱਕ ਅਜਿਹੀ ਜਗ੍ਹਾ ਵਿੱਚ, ਇੱਕੋ ਨਸਲ ਦੇ ਲੋਕਾਂ ਦਾ ਇੱਕ ਛੋਟਾ ਸਮੂਹ ਹੁੰਦਾ ਹੈ, ਜਿੱਥੇ ਜ਼ਿਆਦਾਤਰ ਹੋਰ ਲੋਕ ਵੱਖਰੀ ਨਸਲ ਦੇ ਹੁੰਦੇ ਹਨ।

# ਸੇਵਾਵਾਂ ਨੂੰ ਸੁਰੱਖਿਅਤ ਰੱਖਣਾ




ਲਿਵਰਪੂਲ ਵਿੱਚ ਹਸਪਤਾਲ ਦਾ ਸਟਾਫ ਜੋਖਮਾਂ ਦਾ ਪ੍ਰਬੰਧਨ ਕਰਨ ਅਤੇ ਮਰੀਜ਼ਾਂ ਲਈ ਸੇਵਾਵਾਂ ਨੂੰ ਸੁਰੱਖਿਅਤ ਰੱਖਣ ਲਈ ਸਖ਼ਤ ਮਿਹਨਤ ਕਰਦਾ ਹੈ।

ਉਹਨਾਂ ਦੁਆਰਾ ਅਜਿਹਾ ਕਰਨ ਦੇ ਕੁਝ ਮੁੱਖ ਤਰੀਕਿਆਂ ਵਿੱਚ ਸ਼ਾਮਲ ਹਨ:



- ਬਹੁਤ ਬਿਮਾਰ ਮਰੀਜ਼ਾਂ ਜਿਨ੍ਹਾਂ ਨੂੰ ਐਂਬੂਲੈਂਸ ਟ੍ਰਾਂਸਫਰ ਦੀ ਲੋੜ ਹੁੰਦੀ ਹੈ, ਉਹਨਾਂ ਦੇ ਨਾਲ ਸੀਨੀਅਰ ਡਾਕਟਰ ਯਾਤਰਾ ਕਰਦੇ ਹਨ ।



- ਵੱਖ-ਵੱਖ ਹਸਪਤਾਲ ਜਾਣਕਾਰੀ ਸਾਂਝੀ ਕਰਨ ਅਤੇ ਉਹਨਾਂ ਮਰੀਜ਼ਾਂ ਦੀ ਦੇਖਭਾਲ ਕਰਨ ਲਈ ਇਕੱਠੇ ਕੰਮ ਕਰਦੇ ਹਨ ਜਿਨ੍ਹਾਂ ਨੂੰ ਬਹੁਤ ਸਾਰੀਆਂ ਵੱਖ-ਵੱਖ ਸੇਵਾਵਾਂ ਦੀ ਲੋੜ ਹੁੰਦੀ ਹੈ।



- ਇਹ ਯਕੀਨੀ ਬਣਾਉਣ ਲਈ ਕਿ ਗਰਭਵਤੀ ਮਰੀਜ਼ਾਂ ਨੂੰ ਸਹੀ ਦੇਖਭਾਲ ਮਿਲਦੀ ਹੈ, ਮੈਟਰਨਟੀ ਸਟਾਫ ਹੋਰ ਕਿਸਮ ਦੇ ਡਾਕਟਰਾਂ ਨਾਲ ਕੰਮ ਕਰਦਾ ਹੈ।

ਹੋਰ ਤਬਦੀਲੀਆਂ ਜੋ ਮਰੀਜ਼ਾਂ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਕਰਦੀਆਂ ਹਨ, ਵਿੱਚ ਸ਼ਾਮਲ ਹਨ:




• ਗਰਭਵਤੀ ਮਰੀਜ਼ਾਂ ਲਈ ਦੇਖਭਾਲ ਪ੍ਰਦਾਨ ਕਰਨ ਲਈ ਇੱਕ ਨਵੀਂ ਸੇਵਾ ਜਿਨ੍ਹਾਂ ਦਾ ਹੋਰ ਹਸਪਤਾਲਾਂ ਵਿੱਚ ਇਲਾਜ ਕੀਤਾ ਜਾ ਰਿਹਾ ਹੈ।




• **ਐਨਸਥੈਟਿਕਸ ਸੇਵਾਵਾਂ** ਲਈ ਨਵੀਆਂ ਨੌਕਰੀਆਂ ਪੈਦਾ ਕੀਤੀਆਂ।

ਯਾਦ ਰੱਖੋ, ਇਹ ਤੁਹਾਨੂੰ ਸੁਆਉਣ ਜਾਂ ਦਰਦ ਮਹਿਸੂਸ ਕਰਨ ਤੋਂ ਰੋਕਣ ਲਈ ਡਾਕਟਰੀ ਸੇਵਾਵਾਂ ਹਨ।



ਇਹ ਸਟਾਫ਼ ਮੈਂਬਰ ਲਿਵਰਪੂਲ ਵੂਮੈਨਸ ਹਸਪਤਾਲ ਅਤੇ ਦ ਰਾਇਲ ਲਿਵਰਪੂਲ ਹਸਪਤਾਲ ਦੋਵਾਂ ਵਿੱਚ ਕੰਮ ਕਰਨਗੇ।

# ਹੋਰ ਵੱਡੀਆਂ ਤਬਦੀਲੀਆਂ

ਐਨ.ਐਚ.ਐਸ. ਲਿਵਰਪੂਲ ਵਿੱਚ ਗਾਇਨੋਕੋਲੋਜੀ ਅਤੇ ਜਣੇਪਾ ਦੇਖਭਾਲ ਨੂੰ ਸੁਰੱਖਿਅਤ ਬਣਾਉਣ ਲਈ ਹੋਰ ਚੀਜ਼ਾਂ ਵੀ ਕਰ ਰਿਹਾ ਹੈ, ਜਿਵੇਂ ਕਿ:



- ਐਂਬੂਲੈਂਸ ਟ੍ਰਾਂਸਫਰ ਨੂੰ ਬਿਹਤਰ ਬਣਾਉਣ ਲਈ ਇੱਕ ਨਵੀਂ ਮੈਡੀਕਲ ਐਮਰਜੈਂਸੀ ਟੀਮ ਨੂੰ ਨਿਯੁਕਤ ਕਰਨਾ।



- ਸਟਾਫ ਨੂੰ ਸਿਖਲਾਈ ਦੇਣਾ ਕਿ ਉਹ ਇਸ ਚੀਜ਼ ਤੇ ਹੋਰ ਛੇਤੀ ਨਾਲ ਧਿਆਨ ਦੇਣ ਜਦੋਂ ਕਿਸੇ ਮਰੀਜ਼ ਦੀ ਸਿਹਤ ਵਿਗੜਦੀ ਜਾ ਰਹੀ ਹੈ ਅਤੇ ਉਹਨਾਂ ਦਾ ਇਲਾਜ ਕਰਨ।




- ਲਿਵਰਪੂਲ ਵੂਮੇਨਸ ਹਸਪਤਾਲ ਵਿਖੇ ਇੱਕ ਨਵਾਂ **ਡਾਇਗਨੌਸਟਿਕ ਸੈਂਟਰ** ਖੋਲ੍ਹਣਾ।

ਇੱਕ **ਡਾਇਗਨੌਸਟਿਕ ਸੈਂਟਰ** ਇੱਕ ਅਜਿਹੀ ਥਾਂ ਹੈ ਜਿੱਥੇ ਮਰੀਜ਼ ਇਹ ਪਤਾ ਲਗਾਉਣ ਲਈ ਟੈਸਟ ਜਾਂ ਸਕੈਨ ਕਰਵਾ ਸਕਦੇ ਹਨ ਕਿ ਕੀ ਗਲਤ ਹੈ ਅਤੇ ਉਹਨਾਂ ਨੂੰ ਕਿਹੜੇ ਇਲਾਜ ਦੀ ਲੋੜ ਹੈ।




ਇਸਦਾ ਮਤਲਬ ਹੈ ਕਿ ਲੋਕਾਂ ਨੂੰ ਐਂਬੂਲੈਂਸ ਟ੍ਰਾਂਸਫਰ ਦੀ ਘੱਟ ਲੋੜ ਹੋਵੇਗੀ।

ਅਸੀਂ ਇਸ ਤਰ੍ਹਾਂ ਦੀਆਂ ਤਬਦੀਲੀਆਂ ਵੀ ਕਰ ਰਹੇ ਹਾਂ:



- ਲਿਵਰਪੂਲ ਵੂਮੇਨਸ ਹਸਪਤਾਲ ਲਈ ਇੱਕ ਨਵੀਂ **ਬਲਡ ਟ੍ਰਾਂਸਫਿਊਜ਼ਨ ਸੇਵਾ** ਦੀ ਯੋਜਨਾ ਬਣਾਉਣਾ।

ਇੱਕ **ਬਲਡ ਟ੍ਰਾਂਸਫਿਊਜ਼ਨ ਸੇਵਾ** ਉਹ ਹੈ ਜਦੋਂ ਤੁਹਾਨੂੰ ਕਿਸੇ ਹੋਰ ਵਿਅਕਤੀ ਤੋਂ ਖੂਨ ਦਿੱਤਾ ਜਾਂਦਾ ਹੈ।




- ਨਵਜੰਮੇ ਬੱਚਿਆਂ ਦੀ ਬਿਹਤਰ ਦੇਖਭਾਲ ਕਰਨ ਲਈ ਐਲਡਰ ਹੇਅ ਚਿਲਡਰਨ ਹਸਪਤਾਲ ਨਾਲ ਕੰਮ ਕਰਨਾ।



- ਉਸ ਸਟਾਫ਼ ਦੀ ਮਦਦ ਕਰਨ ਲਈ ਜਿਨ੍ਹਾਂ ਨੂੰ ਆਪਣੀਆਂ ਨੌਕਰੀਆਂ ਕਾਰਨ ਮਾਨਸਿਕ ਸਿਹਤ ਸਮੱਸਿਆਵਾਂ ਜਾਂ ਤਣਾਅ ਹੈ, ਲਿਵਰਪੂਲ ਵੂਮੈਨਸ ਹਸਪਤਾਲ ਵਿੱਚ ਇੱਕ ਨਵੀਂ ਸੇਵਾ ਸਥਾਪਤ ਕਰਨਾ।




ਇਹ ਤਬਦੀਲੀਆਂ ਲਿਵਰਪੂਲ ਵਿੱਚ ਔਰਤਾਂ ਦੀਆਂ ਹਸਪਤਾਲ ਸੇਵਾਵਾਂ ਨੂੰ ਬਿਹਤਰ ਅਤੇ ਸੁਰੱਖਿਅਤ ਬਣਾਉਣ ਵਿੱਚ ਮਦਦ ਕਰ ਰਹੀਆਂ ਹਨ।



ਪਰ ਉਹ ਸਾਰੇ ਜੋਖਮਾਂ ਨੂੰ ਠੀਕ ਨਹੀਂ ਕਰਦੇ ਜਾਂ ਇਹ ਯਕੀਨੀ ਬਣਾਉਣ ਵਿੱਚ ਮਦਦ ਨਹੀਂ ਕਰਦੇ ਕਿ ਇਹ ਸੇਵਾਵਾਂ ਲੰਬੇ ਸਮੇਂ ਲਈ ਕੰਮ ਕਰਨਗੀਆਂ।

# ਤੁਹਾਡੇ ਸਵਾਲਾਂ ਦਾ ਜਵਾਬ ਦੇਣਾ

## ਅਸੀਂ ਹੁਣ ਸੇਵਾਵਾਂ ਨੂੰ ਕਿਉਂ ਬਦਲਣਾ ਚਾਹੁੰਦੇ ਹਾਂ?

ਅਸੀਂ ਔਰਤਾਂ ਦੀਆਂ ਹਸਪਤਾਲ ਸੇਵਾਵਾਂ ਨੂੰ ਹੁਣ ਬਦਲਣਾ ਚਾਹੁੰਦੇ ਹਾਂ ਕਿਉਂਕਿ:




- ਗੰਭੀਰ ਸਿਹਤ ਸਮੱਸਿਆਵਾਂ ਵਾਲੇ ਜ਼ਿਆਦਾ ਲੋਕਾਂ ਦੇ ਬੱਚੇ ਪੈਦਾ ਹੋ ਰਹੇ ਹਨ।




- ਜ਼ਿਆਦਾ ਲੋਕ ਬੱਚੇ ਪੈਦਾ ਕਰ ਰਹੇ ਹਨ ਜਦੋਂ ਉਹ ਵੱਡੀ ਉਮਰ ਦੇ ਹਨ।



ਗਰਭਵਤੀ ਮਰੀਜ਼ ਜੋ ਮੁਕਾਬਲਤਨ ਵੱਡੀ ਉਮਰ ਦੇ ਹਨ ਜਾਂ ਗੰਭੀਰ ਸਿਹਤ ਸਮੱਸਿਆਵਾਂ ਹਨ, ਉਹਨਾਂ ਦੁਆਰਾ ਗਰਭਵਤੀ ਹੋਣ ਦੌਰਾਨ ਵਧੇਰੇ ਜੋਖਮਾਂ ਦਾ ਸਾਹਮਣਾ ਕਰਨ ਦੀ ਸੰਭਾਵਨਾ ਹੁੰਦੀ ਹੈ।



ਇਹਨਾਂ ਵਿੱਚੋਂ ਬਹੁਤ ਸਾਰੇ ਮਰੀਜ਼ਾਂ ਨੂੰ ਉਹਨਾਂ ਦੀ ਗਰਭ ਅਵਸਥਾ ਵਿੱਚ ਮਦਦ ਕਰਨ ਲਈ ਹੋਰ ਸੇਵਾਵਾਂ ਅਤੇ ਸਿਹਤ ਸੰਭਾਲ ਟੀਮਾਂ ਤੋਂ ਦੇਖਭਾਲ ਦੀ ਲੋੜ ਹੋਵੇਗੀ।

ਅਸੀਂ ਇਸ ਤਰ੍ਹਾਂ ਦੀਆਂ ਤਬਦੀਲੀਆਂ ਿਸ ਕਰਕੇ ਵੀ ਕਰ ਰਹੇ ਹਾਂ ਕਿਉਂਕਿ:




- ਸਾਨੂੰ ਹੋਰ ਗਾਇਨੋਕੋਲੋਜੀ ਸੇਵਾਵਾਂ ਦੀ ਲੋੜ ਹੈ।

ਇਹ ਇਸ ਲਈ ਹੈ ਕਿਉਂਕਿ ਲੋਕ ਲੰਬੇ ਸਮੇਂ ਤੱਕ ਜੀ ਰਹੇ ਹਨ ਅਤੇ ਵਧੇਰੇ ਲੋਕਾਂ ਨੂੰ ਗਾਇਨੋਕੋਲੋਜੀਕਲ ਕੈਂਸਰ ਦੇ ਇਲਾਜ ਦੀ ਲੋੜ ਹੈ।




- ਜਿਵੇਂ-ਜਿਵੇਂ ਗਾਇਨੋਕੋਲੋਜੀਕਲ ਕੈਂਸਰ ਸੇਵਾਵਾਂ ਬਿਹਤਰ ਹੋ ਰਹੀਆਂ ਹਨ, ਉਹ ਹੋਰ ਗੁੰਝਲਦਾਰ ਵੀ ਹੋ ਰਹੀਆਂ ਹਨ।

ਇਸ ਲਈ ਡਾਕਟਰਾਂ ਨੂੰ ਇਸ ਇਲਾਜ ਦੀ ਯੋਜਨਾ ਬਣਾਉਣ ਅਤੇ ਪ੍ਰਦਾਨ ਕਰਨ ਲਈ ਦੂਜੇ ਹਸਪਤਾਲਾਂ ਵਿੱਚ ਸਿਹਤ ਸੰਭਾਲ ਟੀਮਾਂ ਦੀ ਮਦਦ ਦੀ ਲੋੜ ਹੋ ਸਕਦੀ ਹੈ।




ਜੇਕਰ ਅਸੀਂ ਇਹ ਬਦਲਾਅ ਨਹੀਂ ਕਰਦੇ ਹਾਂ:

- ਸੱਮਸਿਆਵਾਂ ਹੋਰ ਵਿਗੜ ਜਾਣਗੀਆਂ।



- ਲੋਕਾਂ ਨੂੰ ਲਿਵਰਪੂਲ ਵਿੱਚ ਕੁਝ ਗਾਇਨੋਕੋਲੋਜੀ ਅਤੇ ਜਣੇਪਾ ਸੇਵਾਵਾਂ ਪ੍ਰਾਪਤ ਕਰਨਾ ਔਖਾ ਹੋ ਸਕਦਾ ਹੈ।




- ਲਿਵਰਪੂਲ ਵੂਮੈਨਸ ਹਸਪਤਾਲ ਵਿੱਚ ਸਟਾਫ਼ ਮੈਂਬਰਾਂ ਨੂੰ ਕੰਮ ਲਈ ਨਿਯੁਕਤ ਕਰਨਾ ਅਤੇ ਕਾਇਮ ਰੱਖਣਾ ਔਖਾ ਹੋਵੇਗਾ।




- ਲਿਵਰਪੂਲ ਨੂੰ ਲਿਵਰਪੂਲ ਵਿੱਚ ਔਰਤਾਂ ਦੀਆਂ ਹਸਪਤਾਲ ਸੇਵਾਵਾਂ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਨ ਲਈ ਘੱਟ ਪੈਸਾ ਅਤੇ **ਖੋਜ** ਮਿਲ ਸਕਦੀ ਹੈ।

**ਖੋਜ** ਉਹ ਹੁੰਦੀ ਹੈ ਜਦੋਂ ਡਾਕਟਰ ਜਾਂ ਵਿਗਿਆਨੀ ਕਿਸੇ ਚੀਜ਼ ਦੀ ਜਾਂਚ ਕਰਦੇ ਹਨ।




- ਲਿਵਰਪੂਲ ਵਿੱਚ ਗਾਇਨੋਕੋਲੋਜੀ ਅਤੇ ਮੈਟਰਨਟੀ ਮਰੀਜ਼ਾਂ ਨੂੰ ਯੂਕੇ ਦੇ ਦੂਜੇ ਹਿੱਸਿਆਂ ਦੇ ਮਰੀਜ਼ਾਂ ਨਾਲੋਂ ਮਾੜੀ ਦੇਖਭਾਲ ਮਿਲ ਸਕਦੀ ਹੈ।

## ਕੀ ਸਾਨੂੰ ਔਰਤਾਂ ਦੀਆਂ ਸੇਵਾਵਾਂ ਨੂੰ ਵੱਖਰਾ ਰੱਖਣਾ ਚਾਹੀਦਾ ਹੈ?




ਜਿਸ ਤਰੀਕੇ ਨਾਲ ਲਿਵਰਪੂਲ ਵਿੱਚ ਔਰਤਾਂ ਦੀਆਂ ਹਸਪਤਾਲ ਸੇਵਾਵਾਂ ਨੂੰ ਸੰਗਠਿਤ ਕੀਤਾ ਗਿਆ ਹੈ, ਇਸਦਾ ਮਤਲਬ ਹੈ ਕਿ ਔਰਤਾਂ ਲਈ ਮਰਦਾਂ ਦੇ ਮੁਕਾਬਲੇ ਚੰਗੀ ਸਿਹਤ ਸੰਭਾਲ ਪ੍ਰਾਪਤ ਕਰਨਾ ਔਖਾ ਹੋ ਸਕਦਾ ਹੈ।

# ਲਿਵਰਪੂਲ ਵੂਮੇਨਸ ਹਸਪਤਾਲ ਦਾ ਕੀ ਹੋਵੇਗਾ?




ਲਿਵਰਪੂਲ ਵੂਮੇਨਸ ਹਸਪਤਾਲ ਲਿਵਰਪੂਲ ਸ਼ਹਿਰ ਦੇ ਕੇਂਦਰ ਵਿੱਚ ਕਰਾਊਨ ਸਟ੍ਰੀਟ 'ਤੇ ਹੈ।




ਕਰਾਊਨ ਸਟ੍ਰੀਟ ਇੱਕ ਮਹੱਤਵਪੂਰਨ ਐਨ.ਐਚ.ਐਸ. ਇਮਾਰਤ ਹੈ ਅਤੇ ਥਾਂ ਬੰਦ ਨਹੀਂ ਹੋ ਰਹੀ ਹੈ



ਅਸੀਂ ਨਹੀਂ ਜਾਣਦੇ ਕਿ ਲਿਵਰਪੂਲ ਵਿੱਚ ਔਰਤਾਂ ਦੀਆਂ ਹਸਪਤਾਲ ਸੇਵਾਵਾਂ ਭਵਿੱਖ ਵਿੱਚ ਕਿਹੋ ਜਿਹੀਆਂ ਹੋਣਗੀਆਂ।




ਜੇਕਰ ਕੁਝ ਸੇਵਾਵਾਂ ਚਲਦੀਆਂ ਹਨ, ਤਾਂ ਐਨ.ਐਚ.ਐਸ. ਕ੍ਰਾਊਨ ਸਟ੍ਰੀਟ 'ਤੇ ਦੇਖਭਾਲ ਪ੍ਰਦਾਨ ਕਰਨਾ ਜਾਰੀ ਰੱਖੇਗਾ।

# ਕੀ ਕੋਈ ਸੇਵਾਵਾਂ ਬੰਦ ਹੋ ਜਾਣਗੀਆਂ?




ਅਸੀਂ ਕਿਸੇ ਵੀ ਸੇਵਾਵਾਂ ਨੂੰ ਰੋਕਣ ਦੀ ਯੋਜਨਾ ਨਹੀਂ ਬਣਾ ਰਹੇ ਹਾਂ।




ਅਸੀਂ ਆਪਣੀਆਂ ਸੇਵਾਵਾਂ ਨੂੰ ਬਿਹਤਰ ਬਣਾਉਣਾ ਚਾਹੁੰਦੇ ਹਾਂ ਅਤੇ ਉਹਨਾਂ ਨੂੰ ਸੁਰੱਖਿਅਤ ਰੱਖਣਾ ਚਾਹੁੰਦੇ ਹਾਂ।




ਇਹ ਭਵਿੱਖ ਵਿੱਚ ਹੋਰ ਫੰਡਿੰਗ ਅਤੇ ਖੋਜ ਪ੍ਰਾਪਤ ਕਰਨ ਵਿੱਚ ਸਾਡੀ ਮਦਦ ਕਰ ਸਕਦਾ ਹੈ।

# ਕੀ ਪੈਸਾ ਬਚਾਉਣ ਦੀ ਯੋਜਨਾ ਹੈ?



ਨਹੀਂ, ਇਹ ਯੋਜਨਾ ਕੋਈ ਪੈਸਾ ਬਚਾਉਣ ਬਾਰੇ ਨਹੀਂ ਹੈ।




ਸਾਨੂੰ ਕੋਈ ਵੀ ਬਦਲਾਅ ਕਰਨ ਲਈ ਸ਼ਾਇਦ ਹੋਰ ਪੈਸੇ ਦੀ ਲੋੜ ਪਵੇਗੀ।

## ਕੀ ਹਰ ਹਸਪਤਾਲ ਸਾਰੀਆਂ ਸੇਵਾਵਾਂ ਪ੍ਰਦਾਨ ਕਰ ਸਕਦਾ ਹੈ?




ਐਨ.ਐਚ.ਐਸ. ਲਈ ਹਰ ਹਸਪਤਾਲ ਵਿੱਚ ਸਾਰੀਆਂ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕਰਨਾ ਸੰਭਵ ਨਹੀਂ ਹੈ।



ਅਜਿਹਾ ਇਸ ਲਈ ਹੈ ਕਿਉਂਕਿ ਇੱਥੇ ਲੋੜੀਂਦੇ ਮਾਹਿਰ ਡਾਕਟਰ ਅਤੇ ਸਹਾਇਤਾ ਟੀਮਾਂ ਨਹੀਂ ਹਨ।

# ਸਰਵੇਖਣ ਸਵਾਲ




ਕਿਰਪਾ ਕਰਕੇ ਸਾਨੂੰ ਇਹ ਦੱਸਣ ਲਈ ਇਸ ਸਰਵੇਖਣ ਨੂੰ ਭਰੋ ਕਿ ਤੁਸੀਂ ਸਾਡੇ ਕਾਰਨਾਂ ਬਾਰੇ ਕੀ ਸੋਚਦੇ ਹੋ ਕਿ ਲਿਵਰਪੂਲ ਵਿੱਚ ਔਰਤਾਂ ਦੇ ਹਸਪਤਾਲ ਸੇਵਾਵਾਂ ਨੂੰ ਕਿਉਂ ਬਦਲਣ ਦੀ ਲੋੜ ਹੈ।



ਤੁਹਾਡੇ ਜਵਾਬ ਸਾਨੂੰ ਇਹ ਯੋਜਨਾ ਬਣਾਉਣ ਵਿੱਚ ਮਦਦ ਕਰਨਗੇ ਕਿ ਇਹ ਹਸਪਤਾਲ ਸੇਵਾਵਾਂ ਭਵਿੱਖ ਵਿੱਚ ਕਿਵੇਂ ਕੰਮ ਕਰਨਗੀਆਂ।




ਅਸੀਂ 15 ਅਕਤੂਬਰ ਤੋਂ 26 ਨਵੰਬਰ 2024 ਤੱਕ ਪੁੱਛਾਂਗੇ ਕਿ ਲੋਕ ਕੀ ਸੋਚਦੇ ਹਨ।




ਤੁਸੀਂ ਕਾਗਜ਼ 'ਤੇ ਜਾਂ ਸਾਡੀ ਵੈੱਬਸਾਈਟ 'ਤੇ ਸਰਵੇਖਣ ਨੂੰ ਇੱਥੇ ਭਰ ਸਕਦੇ ਹੋ:
[www.gynaeandmaternityliverpool.nhs.uk/ ਸ਼ਾਮਲ ਹੋਵੋ](www.gynaeandmaternityliverpool.nhs.uk/)



ਅਸੀਂ ਤੁਹਾਡੀ ਜਾਣਕਾਰੀ ਨੂੰ ਸੁਰੱਖਿਅਤ ਰੱਖਣ ਬਾਰੇ ਕਾਨੂੰਨ ਦੀ ਪਾਲਣਾ ਕਰਾਂਗੇ।



ਅਸੀਂ ਤੁਹਾਡਾ ਨਾਮ ਜਾਂ ਇਹ ਪਤਾ ਲਗਾਉਣ ਲਈ ਕਿ ਤੁਸੀਂ ਕੌਣ ਹੋ, ਤੁਹਾਡੇ ਜਵਾਬਾਂ ਦੀ ਵਰਤੋਂ ਨਹੀਂ ਕਰਾਂਗੇ।



ਤੁਹਾਨੂੰ ਸਾਰੇ ਸਵਾਲਾਂ ਦੇ ਜਵਾਬ ਦੇਣਾ ਲਾਜ਼ਮੀ ਨਹੀਂ ਹੈ ਜੇਕਰ ਤੁਸੀਂ ਨਹੀਂ ਚਾਹੁੰਦੇ।